# ਸਫਲੁ ਓਹੁ ਮਾਥਾ  ਸੰਤ ਨਮਸਕਾਰਸਿ

ਗਉੜੀ ਮਹਲਾ ੫ ॥

ਭਲੇ ਦਿਨਸ ਭਲੇ ਸੰਜੋਗ ॥

ਜਿਤੁ ਭੇਟੇ ਪਾਰਬ੍ਰਹਮ ਨਿਰਜੋਗ ॥੧॥

ਇਹ ਸ਼ਬਦ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ, ਗਉੜੀ ਰਾਗ ਵਿਚ ਉਚਾਰਣ ਕੀਤਾ ਹੋਇਆ ਹੈ ਅਤੇ ਪੰਨਾ ੧੯੧ ਤੇ ਸੁਭਾਇਮਾਨ ਹੈ।

-- ਸ੍ਰੀ ਗੁਰੂ ਅਰਜਨ ਸਾਹਿਬ ਉਪਦੇਸ਼ ਦਿੰਦੇ ਹਨ ਕਿ ਉਹ ਦਿਨ, ਪ੍ਰਭੂ ਨਾਲ ਉਹ ਮਿਲਾਪ ਹੋਣ ਦੇ ਪੂਰਬਲੇ ਸੰਜੋਗ, ਬਹੁਤ ਭਲੇ ਹਨ;

ਪੂਰਬਲੇ ਸਮਿਆਂ ਤੇ, ਪ੍ਰਭੂ/ਗੁਰੂ ਕਿਰਪਾ ਸਦਕਾ, ਕੋਈ ਅਜਿਹੀ ਬੰਦਗੀ, ਕਮਾਈ, ਜਿਸ ਸਦਕਾ, ਕਿਸੇ ਮਹਾਤਮਾ ਦੇ, ਕਿਸੇ ਆਉਣ ਵਾਲੇ ਸਮੇਂ ਵਿਚ, ਕਿਸੇ ਹੋਣ ਵਾਲੀ ਪ੍ਰਾਪਤੀ ਲਈ ਬਚਨ ਹੋਏ ਹੁੰਦੇ ਹਨ, ਇਥੇ ਉਨ੍ਹਾਂ ਨੂੰ ਸੰਜੋਗ ਕਿਹਾ ਹੈ। ਉਹ ਸੰਜੋਗ ਹੀ, ਮੌਜੂਦਾ ਸਮੇਂ ਵਿਚ, ਕਿਸੇ ਮਹਾਪੁਰਖ ਦੀ ਸੰਗਤ ਅਤੇ ਬਖ਼ਸ਼ਿਸ਼ ਸਦਕਾ ਪ੍ਰਫੁਲਤ ਹੋ ਜਾਂਦੇ ਹਨ, ਜਾਗ ਪੈਂਦੇ ਹਨ ਤਾਂ ਪ੍ਰਾਪਤੀ ਹੋ ਜਾਂਦੀ ਹੈ। ਅਧਿਆਤਮਕਤਾ ਦਾ ਇਤਿਹਾਸ, ਅਜਿਹੀਆਂ ਮਿਸਾਲਾਂ ਨਾਲ ਭਰਿਆ ਪਿਆ ਹੈ। ਸ੍ਰੀ ਗੁਰੂ ਅੰਗਦ ਸਾਹਿਬ, ਸ੍ਰੀ ਗੁਰੂ ਅਮਰਦਾਸ ਸਾਹਿਬ, ਸ੍ਰੀ ਗੁਰੂ ਰਾਮਦਾਸ ਸਾਹਿਬ ਅਤੇ ਹੋਰ ਕਈ ਅਜਿਹੀਆਂ ਮਿਸਾਲਾਂ ਹਨ, ਜਿਨ੍ਹਾਂ ਦੀ ਪੂਰਬਲੀ ਵਸਤ, ਸ੍ਰੀ ਗੁਰੂ ਨਾਨਕ ਸਾਹਿਬ ਦੇ ਘਰ ਤੋਂ,ਆਪੋ ਆਪਣਾ ਸਮਾਂ ਆਉਣ ਤੇ ਪ੍ਰਾਪਤ ਹੁੰਦੀ ਰਹੀ। ਅਜਿਹਾ ਜ਼ਿਕਰ, ਭਾਈ ਗੁਰਦਾਸ ਜੀ ਨੇ, ਸ੍ਰੀ ਗੁਰੂ ਰਾਮਦਾਸ ਸਾਹਿਬ ਦੇ, ਗੁਰਿਆਈ ਪ੍ਰਾਪਤ ਹੋਣ ਬਾਰੇ, ਕੀਤਾ ਹੈ - 'ਦਿਚੈ ਪੂਰਬ ਦੇਵਣਾ  ਜਿਸਦੀ ਵਸਤੁ  ਤਿਸੈ ਘਰਿ ਆਵੈ।। ਬੈਠਾ ਸੋਢੀ ਪਾਤਸਾਹੁ ਰਾਮਦਾਸੁ ਸਤਿਗੁਰੂ ਕਹਾਵੈ।।', ਵਾਰ ੧:੪੭. ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਸੇ ਤਥ ਨੂੰ ਬਚਿਤ੍ਰ ਨਾਟਕ ਵਿਚ ਇਉਂ ਨਿਰੂਪਣ ਕੀਤਾ ਹੈ - 'ਜਬ ਬਰਦਾਨਿ ਸਮੈ ਵਹੁ ਆਵਾ।। ਰਾਮਦਾਸ  ਤਬ ਗੁਰੂ ਕਹਾਵਾ।।' ਪਾਤਸ਼ਾਹ ਨੇ ਇਸ ਵਰਦਾਨ ਦੀ ਪੂਰੀ, ਪੂਰਬਲੀ ਕਥਾ ਵੀ ਅੰਕਤ ਕੀਤੀ ਹੋਈ ਹੈ।

-- ਜਿਨ੍ਹਾਂ ਦੇ ਸਦਕਾ ਮੇਰਾ, ਉਸ ਬੰਧਨ ਰਹਿਤ ਪਾਰਬ੍ਰਹਮ ਨਾਲ

ਮਿਲਾਪ, ਭੇਂਟਣਾ ਹੋ ਗਿਆ।੧।

ਸ੍ਰੀ ਗੁਰੂ ਨਾਨਕ ਸਾਹਿਬ ਦੇ ਬਚਨ ਹਨ ਕਿ ਜਿਵੇਂ ਨਦੀਆਂ ਤੋਂ ਵਿਛੜੇ ਹੋਏ ਵਹਿਣਾ ਦਾ ਮੁੜ ਮੇਲ ਭਾਗਾਂ ਨਾਲ ਹੀ ਹੁੰਦਾ ਹੈ ਇਸੇ ਤਰ੍ਹਾਂ ਵਿਛੜੀਆਂ ਰੂਹਾਂ ਦਾ ਪਰਮਾਤਮਾ ਨਾਲ ਮਿਲਾਪ ਵੀ ਸੰਜੋਗਾਂ ਨਾਲ ਹੀ ਹੁੰਦਾ ਹੈ। ਗੁਰੂ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਮੈਂ ਸਚ ਆਖਦਾ ਹਾਂ ਕਿ ਚਿਰੀ ਵਿਛੜਿਆਂ ਦਾ ਇਹ ਮੇਲ, ਗੁਰੂ ਦੇ ਦਿਤੇ ਸ਼ਬਦ, ਗੁਰ-ਮੰਤਰ ਦੇ ਸਿਮਰਣ ਰਾਹੀਂ ਹੀ ਸੰਭਵ ਹੈ - 'ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ।।..ਸਚੁ ਕਹੈ ਨਾਨਕੁ ਸਬਦਿ ਸਾਚੈ ਮੇਲਿ ਚਿਰੀ ਵਿਛੁੰਨਿਆ।।', ਪੰਨਾ ੪੩੯.

ਸ੍ਰੀ ਗੁਰੂ ਅਰਜਨ ਸਾਹਿਬ ਪਾਤਸ਼ਾਹ, ਪੰਨਾ ੫੬੨ ਤੇ, ਉਸ ਵਕਤ ਨੂੰ ਧੰਨ ਕਹਿੰਦੇ ਹਨ ਜਦੋਂ, ਉਸ ਪ੍ਰਭੂ/ਗੁਰੂ ਦੇ ਦਰਸ਼ਨ ਹੁੰਦੇ ਹਨ - 'ਧਨੁ ਸੁ ਵੇਲਾ ਜਿਤੁ ਦਰਸਨੁ ਕਰਨਾ।।'

੧੨੦੬ ਪੰਨੇ ਤੇ ਫ਼ੁਰਮਾਣ ਕਰਦੇ ਹਨ ਕਿ ਉਹ ਪੂਰਬਲੇ ਸੰਜੋਗ, ਉਹ ਮੌਕਾ, ਸਮਾਂ, ਉਹ ਦਿਨ ਭਲੇ ਹਨ, ਜਦੋਂ ਗੋਪਾਲ ਪ੍ਰਭੂ ਮੇਰੇ ਤੇ ਰੀਝ ਗਿਆ, ਪ੍ਰਸੰਨ ਹੋ ਗਿਆ - 'ਭਲੇ ਸੰਜੋਗ ਭਲੇ ਦਿਨ ਅਉਸਰ ਜਉ ਗੋਪਾਲੁ ਰੀਝਾਇਓ।।' ਮਹਾਰਾਜ ਦੇ ਬਚਨ ਹਨ ਕਿ ਉਹ ਵੇਲਾ ਧੰਨ ਹੈ ਜਦੋਂ ਸਚਾ ਗੁਰੂ ਮਿਲਿਆ। ਨੇਤਰਾਂ ਦੁਆਰਾ, ਉਸਦੇ ਦਰਸ਼ਨਾਂ ਨਾਲ ਹੀ ਭਵਜਲ ਸੰਸਾਰ ਸਾਗਰ ਤਰਿਆ ਗਿਆ। ਉਹ ਮਹੂਰਤ, ਉਹ ਚਸਾ, ਸਮੇਂ ਦੀ ਇਕਾਈ, ਉਹ ਪਲ, ਉਹ ਘੜੀਆਂ ਧੰਨ ਹਨ, ਉਹ ਪੂਰਬਲੇ ਸੰਜੋਗ ਧੰਨ ਹਨ, ਜਦੋਂ, ਜਿਨ੍ਹਾਂ ਕਰ ਕੇ ਮਿਲਾਪ ਹੋ ਗਿਆ - 'ਧੰਨੁ ਸੁ ਵੇਲਾ ਜਿਤੁ ਮੈ ਸਤਿਗੁਰੁ ਮਿਲਿਆ।। ਸਫਲੁ ਦਰਸਨੁ ਨੇਤ੍ਰ ਪੇਖਤ ਤਰਿਆ।। ਧੰਨੁ ਮੂਰਤ ਚਸੇ ਪਲ ਘੜੀਆ ਧੰਨਿ ਸੁ ਓਇ ਸੰਜੋਗਾ ਜੀਉ।।', ਪੰਨਾ ੯੯.

ਓਹ ਬੇਲਾ ਕਉ ਹਉ ਬਲਿ ਜਾਉ ॥

ਜਿਤੁ ਮੇਰਾ ਮਨੁ ਜਪੈ ਹਰਿ ਨਾਉ ॥੧॥ ਰਹਾਉ ॥

-- ਗੁਰੂ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਉਹ ਵੇਲਾ ਧੰਨ ਹੈ, ਉਸ ਤੋਂ ਮੈ ਬਲਿਹਾਰ ਜਾਂਦਾ ਹਾਂ, ਜਿਸ ਵੇਲੇ ਮੇਰੇ ਮਨ ਨੇ ਹਰੀ ਪ੍ਰਭੂ ਦਾ ਨਾਮ

ਜਪਿਆ।੧।ਰਹਾਉ ।

ਸਫਲ ਮੂਰਤੁ ਸਫਲ ਓਹ ਘਰੀ ॥

ਜਿਤੁ ਰਸਨਾ ਉਚਰੈ ਹਰਿ ਹਰੀ ॥੨॥

-- ਉਸ ਹਰੀ ਦਾ ਨਾਮ ਜਪਣ ਨਾਲ ਹੀ ਸਾਰੇ ਵੇਲੇ, ਵਕਤ, ਮਹੂਰਤ, ਘੜੀਆਂ ਸਫ਼ਲ ਹੋ ਜਾਂਦੇ ਹਨ, ਜਦੋਂ ਇਸ ਰਸਨਾਂ, ਦੇਹੀ ਰਾਹੀਂ, ਮਨੁਖ ਵਾਹਗੁਰੂ ਵਾਹਗੁਰੂ... ਉਚਾਰਣ ਕਰਦਾ ਹੈ।੨।

ਸ੍ਰੀ ਗੁਰੂ ਰਾਮਦਾਸ ਸਾਹਿਬ, ਪੰਨਾ ੧੧੩੪ ਤੇ ਜੀਵ ਨੂੰ ਉਪਦੇਸ਼ ਕਰਦੇ ਹਨ ਕਿ ਨਾਮ ਜਪ ਲੈ, ਤੇਰਾ ਵੇਲਾ, ਜਨਮ, ਸਫ਼ਲ ਹੋ ਜਾਏਗਾ - 'ਬੋਲਿ ਹਰਿ ਨਾਮੁ ਸਫਲ ਸਾ ਘਰੀ।।' ਪੰਜਵੇਂ ਪਾਤਸ਼ਾਹ ਅਨੁਸਾਰ, ਉਹ ਮਹੂਰਤ, ਉਹ ਘੜੀਆਂ ਸਫ਼ਲ ਹਨ, ਜਦੋਂ ਸਦਾ ਥਿਰ ਰਹਿਣ ਵਾਲੇ ਪ੍ਰਭੂ ਨਾਲ ਪ੍ਰੇਮ ਕੀਤਾ ਜਾਂਦਾ ਹੈ - 'ਸਫਲ ਮੂਰਤੁ ਸਫਲਾ ਘੜੀ ਜਿਤੁ ਸਚੇ ਨਾਲਿ ਪਿਆਰੁ।।', ਪੰਨਾ ੪੪. ਉਹ ਵੇਲਾ ਧੰਨ ਹੈ ਜਦੋਂ ਹਰੀ ਪ੍ਰਭੂ ਦੀ ਸਿਫ਼ਤ ਸਲਾਹ ਕੀਤੀ ਸੁਣੀ ਜਾਏ, ਇਸ ਤਰ੍ਹਾਂ ਮਨੁਖ ਦਾ ਆਇਆ ਪ੍ਰਵਾਨਤ ਹੋ ਜਾਂਦਾ ਹੈ - 'ਧੰਨੁ ਸੁ ਵੇਲਾ ਜਿਤੁ ਹਰਿ ਗਾਵਤ ਸੁਨਣਾ ਆਏ ਤੇ ਪਰਵਾਨਾ ਜੀਉ।।', ਪੰਨਾ ੧੦੩. ਪਾਤਸ਼ਾਹ ਜੀ ਦੇ ਅਨੁਸਾਰ ਉਹੀ ਦਿਨ ਸੋਹਾਵਣਾ ਹੈ ਜਦੋਂ ਪ੍ਰਭੂ ਦਾ ਨਾਮ ਸਿਮਰਿਆ ਜਾਏ, ਉਸ ਨੂੰ ਯਾਦ ਕੀਤਾ ਜਾਏ। ਇਸ ਤੋਂ ਉਲਟ ਉਹ ਦਿਨ, ਸਮਾਂ ਭੈੜਾ, ਫਿਟਕਾਰ ਜੋਗ ਹੈ, ਜਦੋਂ ਉਹ ਭੁਲ ਜਾਏ - 'ਨਾਨਕ ਸੋਈ ਦਿਨਸੁ ਸੁਹਾਵੜਾ ਜਿਤੁ ਪ੍ਰਭੁ ਆਵੈ ਚਿਤਿ।। ਜਿਤੁ ਦਿਨਿ ਵਿਸਰੈ ਪਾਰਬ੍ਰਹਮੁ ਫਿਟੁ ਭਲੇਰੀ ਰੁਤ।।', ਪੰਨਾ ੩੧੮.

ਸਫਲੁ ਓਹੁ ਮਾਥਾ ਸੰਤ ਨਮਸਕਾਰਸਿ ॥

ਚਰਣ ਪੁਨੀਤ ਚਲਹਿ ਹਰਿ ਮਾਰਗਿ ॥੩॥

-- ਕਿਉਂਕਿ ਉਪਰ ਦਸਿਆ ਕਾਰਜ, ਸੰਤ ਰਾਹੀਂ ਹੀ ਸੰਭਵ ਹੈ ਇਸ ਲਈ ਮਹਾਰਾਜ ਉਪਦੇਸ਼ ਕਰ ਰਹੇ ਹਨ ਕਿ ਉਹ ਮੱਥਾ ਸਫ਼ਲ ਹੈ ਜੋ ਸੰਤ, ਭਗਤ ਦੇ ਚਰਣਾਂ ਤੇ ਨਮਸਕਾਰ ਕਰਦਾ ਹੈ। ਧੰਨ ਹੈ ਉਹ, ਜਿਸਦੇ ਚਰਣ, ਸੰਤ

ਕੋਲ ਜਾ ਕੇ, ਉਸਸ ਤੋਂ ਸੁਣੇ ਉਪਦੇਸ਼ ਅਨੁਸਾਰ, ਪ੍ਰਭੂ ਦੇ ਮਾਰਗ ਤੇ ਚਲਦੇ ਹਨ।੩।

ਸ੍ਰੀ ਗੁਰੂ ਰਾਮਦਾਸ ਸਾਹਿਬ ਦੇ, ਪੰਨਾ ੧੨੦੧ ਤੇ, ਬਚਨ ਹਨ ਕਿ ਕੋਈ ਸੰਤ ਜਨ ਮੈਨੂੰ ਮਿਲ ਪਏ, ਹਰੀ ਦਾ ਸੰਤ ਮੈਨੂੰ ਮਿਲ ਪਏ, ਮੇਰਾ ਪ੍ਰੀਤਮ ਪਿਆਰਾ ਸੰਤ ਜਨ ਮੈਨੂੰ ਮਿਲ ਪਏ, ਜੋ ਮੈਨੂੰ ਹਰੀ ਪ੍ਰਭੂ ਤਕ ਪੁਜਣ ਦਾ ਮਾਰਗ ਦਿਖਾ ਦਏ ਤਾਂ ਮੈਂ ਉਸ ਜਨ ਦੇ ਚਰਣ ਮਲ ਮਲ ਕੇ ਧੋਵਾਂ, ਉਸ ਦੀ ਗ਼ੁਲਾਮੀ ਕਰਾਂ, ਕਿਉਂਕਿ ਹਰੀ, ਆਪਣੇ ਜਨ ਨੂੰ ਮਿਲਦਾ ਹੈ, ਗੁਰੂ ਅਨੁਸਾਰੀ ਹੋ ਕੇ, ਉਸ ਰਾਹੀਂ ਹੀ ਮਿਲਦਾ ਹੈ, ਜਨ ਤੇ ਸ਼ਰਧਾ ਰਖਣੀ ਪੈਂਦੀ ਹੈ - 'ਕੋਈ ਆਵੈ ਸੰਤੋ  ਹਰਿ ਕਾ ਜਨੁ ਸੰਤੋ  ਮੇਰਾ ਪ੍ਰੀਤਮ ਜਨੁ ਸੰਤੋ  ਮੋਹਿ ਮਾਰਗੁ ਦਿਖਲਾਵੈ।। ਤਿਸੁ ਜਨੁ ਕੇ ਹਉ ਮਲਿ ਮਲਿ ਧੋਵਾ ਪਾਉ।। ਹਰਿ ਜਨ ਕਉ ਹਰਿ ਮਿਲਿਆ  ਹਰਿ ਸਰਧਾ ਤੇ ਮਿਲਿਆ  ਗੁਰਮੁਖਿ ਹਰਿ ਮਿਲਿਆ।।'

ਇਹ, ਸੰਤ ਦੁਆਰਾ ਮਾਰਗ ਦਾ ਦਸਣਾ, ਧਰਮ ਅਪਨਾਉਣ ਲਈ ਇਕ ਪੌੜੀ ਹੈ ਜੋ, ਕਿਸੇ ਵਿਰਲੇ ਵਿਅਕਤੀ ਨੂੰ, ਵਡੇ ਭਾਗਾਂ ਨਾਲ ਮਿਲਦੀ ਹੈ। ਸ੍ਰੀ ਗੁਰੂ ਅਰਜਨ ਸਾਹਿਬ ਦੇ ਬਚਨ ਹਨ - 'ਸੰਤ ਕਾ ਮਾਰਗੁ  ਧਰਮ ਕੀ ਪਉੜੀ  ਕੋ ਵਡਭਾਗੀ ਪਾਏ।।', ਪੰਨਾ ੬੨੨.

ਕਹੁ ਨਾਨਕ ਭਲਾ ਮੇਰਾ ਕਰਮ ॥

ਜਿਤੁ ਭੇਟੇ ਸਾਧੂ ਕੇ ਚਰਨ ॥੪॥੬੦॥੧੨੯॥

-- ਗੁਰੂ ਪੰਚਮ ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਜਿਸ ਕਿਸੇ ਨੂੰ ਵੀ ਅਜਿਹਾ ਮਾਰਗ ਦਸਣ ਵਾਲਾ ਮਿਲਿਆ ਹੈ ਉਸਦੇ ਉਤਮ ਭਾਗ ਹਨ, ਉਸ ਤੇ ਅਪਾਰ ਬਖ਼ਸ਼ਿਸ਼ ਹੋਈ ਹੈ, ਜਿਸ ਨੂੰ ਕਿਸੇ ਸਾਧੂ ਦੇ ਚਰਣ, ਪਰਸਣ ਨੂੰ ਮਿਲ ਗਏ ਹਨ।

ਇਹ, ਸਾਧੂ ਦਾ ਮਿਲਣਾ ਕੋਈ ਮਮੂਲੀ ਪ੍ਰਾਪਤੀ ਨਹੀਂ। ਇਹ ਅਕਾਲ ਪੁਰਖ ਦੀ ਵਿਸ਼ੇਸ਼ ਬਖ਼ਸ਼ਿਸ਼ ਨਾਲ ਹੀ ਹੁੰਦਾ ਹੈ ਅਤੇ ਜਿਉਂ ਜਿਉਂ ਇਹ ਸੰਤ ਦੀ ਸੰਗਤਿ ਵਧਾਉਂਦੇ ਜਾਈਏ, ਨਾਮ ਦਾ ਰੰਗ ਵਧਦਾ ਜਾਂਦਾ ਹੈ, ਜਿਵੇਂ ਪਾਤਸ਼ਾਹ ਨੇ ਪੰਨਾ ੭੧ ਤੇ ਫ਼ੁਰਮਾਣ ਕੀਤਾ ਹੈ - 'ਕਿਰਪਾ ਕਰੇ ਜਿਸੁ ਪਾਰਬ੍ਰਹਮੁ  ਹੋਵੈ ਸਾਧੂ

ਸੰਗੁ।। ਜਿਉ ਜਿਉ ਓਹੁ ਵਧਾਈਐ  ਤਿਉ ਤਿਉ ਹਰਿ ਸਿਉ ਰੰਗੁ।।' ਮਹਾਰਾਜ ਨੇ ਸਾਫ਼ ਸ਼ਬਦਾਂ ਵਿਚ ਫ਼ੁਰਮਾਣ ਕੀਤਾ ਹੈ ਕਿ ਜਦੋਂ ਪੂਰਬਲੇ ਜਨਮਾਂ ਦੇ ਕੀਤੇ ਬੰਦਗੀ ਅਤੇ ਸਾਧੂ ਸੰਗਤਿ ਰੂਪੀ ਕਰਮਾਂ ਦੇ ਬੀਜੇ ਹੋਏ, ਬੀਜਾਂ ਦੇ ਅੰਕੁਰ ਫੁਟ ਪੈਣ ਤਾਂ ਅਜਿਹੇ ਮਹਾਂਪੁਰਖ ਦੀ ਸੰਗਤਿ ਪ੍ਰਾਪਤ ਹੁੰਦੀ ਹੈ ਜੋ ਅੰਮ੍ਰਿਤ ਮਈ ਨਾਮ ਦਾ ਰਸੀਆ ਅਤੇ ਮਾਇਆ ਦੇ ਪ੍ਰਭਾਅ ਤੋਂ ਅਤੀਤ ਹੋਵੇ - 'ਪੂਰਬ ਕਰਮ ਅੰਕੁਰ ਜਬ ਪ੍ਰਗਟੇ  ਭੇਟਿਓ ਪੁਰਖੁ ਰਸਿਕ ਬੈਰਾਗੀ।।', ਪੰਨਾ ੨੦੪.

ਸਾਰੇ ਸ਼ਬਦ ਦਾ ਨਿਚੋੜ, ਨੌਵੇਂ ਨਾਨਕ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀਆਂ, ਸਲੋਕਾਂ ਵਿਚ ਆਈਆਂ ਦੋ ਪੰਕਤੀਆਂ ਵਿਚ ਬਹੁਤ ਸਪੱਸ਼ਟ ਹੈ, ਜਿਨ੍ਹਾਂ ਵਿਚ ਮਹਾਰਾਜ ਦੇ ਫ਼ੁਰਮਾਣ ਮੁਤਾਬਕ, ਅੰਤ ਸਮੇਂ ਮਨੁਖ ਨਾਲ ਇਹ ਕੁਝ ਜਾਂਦਾ ਹੈ:

੧. ਉਸ ਦਾ ਕੀਤਾ ਹੋਇਆ ਗੁਰਮੰਤਰ ਰਾਹੀਂ ਸਿਮਰਣ

੨. ਜਿਸ ਸੰਤ ਜਨ ਦੀ ਸੰਗਤ ਕੀਤੀ ਹੋਵੇ, ਉਹ ਸੰਤ

੩. ਸ੍ਰੀ ਗੁਰੂ ਨਾਨਕ ਸਾਹਿਬ

੪. ਸ੍ਰੀ ਅਕਾਲ ਪੁਰਖ ਸਾਹਿਬ

ਇਸ ਦੇ ਨਾਲ ਹੀ ਪਾਤਸ਼ਾਹ, ਬਚਨ ਕਰਦੇ ਹਨ ਕਿ ਇਹ ਸਚਿਆਈ ਜਾਣਦੇ ਹੋਏ ਵੀ ਕੋਈ ਵਿਰਲਾ ਹੀ ਮਨੁਖ, ਗੁਰਮੰਤਰ ਦਾ ਜਾਪ ਜਪਦਾ ਹੈ - 'ਨਾਮੁ ਰਹਿਓ  ਸਾਧੂ ਰਹਿਓ  ਰਹਿਓ ਗੁਰੁ  ਗੋਬਿੰਦੁ।। ਕਹੁ ਨਾਨਕ  ਇਹ ਜਗਤ ਮਹਿ  ਕਿਨ ਜਪਿਓ ਗੁਰ ਮੰਤੁ।।'



12.9.2020